ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ , ਮੋਹਾਲੀ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ

ਫੋਨ ਨੰ. 0172-2212221

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
2. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ /(ਐ.ਸਿ.),
3. ਸਮੂਹ ਸਕੂਲ ਮੁੱਖੀ (ਵੈੱਬ ਸਾਇਟ ਰਾਹੀ)

ਮੀਮੋ ਨੰ. SCERT/Gp/UP/2020-22219 ਮਿਤੀ:- 14.09.2020

ਵਿਸ਼ਾ:- Guidelines for Students and Teachers regarding Online Education.

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 MHRD ਵੱਲੋਂ COVID-19 ਦੌਰਾਨ ਵਿਦਿਆਰਥੀਆਂ/ਅਧਿਆਪਕਾਂ/ਸਕੂਲ ਮੁਖੀਆਂ/ ਸਿੱਖਿਆ ਵਿਭਾਗ ਦੇ ਜ਼ਿਲ੍ਹਾ ਪ੍ਰਸ਼ਾਸਨਿਕ ਅਫਸਰ ਅਤੇ ਮਾਪਿਆਂ ਲਈ Online Education ਸੰਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਉਹਨਾਂ ਹਦਾਇਤਾਂ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ ਸਿੱਖਿਆ ਵਿਭਾਗ ਵੱਲੋਂ 'ਤਰਕਸ਼' ਨਾਮ ਹੇਠ ਪੰਜਾਬੀ ਵਿੱਚ ਡਾਕੂਮੈਂਟ ਤਿਆਰ ਕੀਤਾ ਗਿਆ ਹੈ।

3.0 ਇਸ ਨੂੰ ਅਧਿਆਪਕ ਵਰਗ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ www.ssapunjab.org ਦੀ website ਤੇ ਅਪਲੋਡ ਕੀਤਾ ਜਾ ਰਿਹਾ ਹੈ।

4.0 ਉਕਤ guidelines ਨੂੰ ਸਮੂਹ ਅਧਿਆਪਕਾਂ, ਮਾਪੇ, ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ./ਐ.ਸਿ.) ਵੱਲੋਂ ਵਿਦਿਆਰਥੀਆਂ ਨੂੰ Offline/Online ਪੜਾਉਣ ਸਮੇਂ ਧਿਆਨ ਵਿੱਚ ਰੱਖਿਆ ਜਾਵੇ ਅਤੇ ਉਹਨਾਂ ਨੂੰ guidelines ਵਿੱਚ ਦਿੱਤੀਆਂ ਗਈਆਂ ਹਦਾਇਤਾਂ ਬਾਰੇ ਸਮੇਂ ਸਮੇਂ ਤੇ ਜਾਣੂ ਕਰਵਾਇਆ ਜਾਵੇ ਜੀ।

ਨੱਥੀ:- 'ਤਰਕਸ਼' ਨਾਮ ਦਾ ਮਡਿਊਲ।

ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ

ਸਕੂਲ ਸਿੱਖਿਆ ਵਿਭਾਗ ਪੰਜਾਬ

ਤਰਕਸ਼

ਡਿਜੀਟਲ ਸਿੱਖਿਆ ਲਈ ਅਗਵਾਈ

ਤ ਤਿਆਰੀ ➤ ਰ ਰਾਬਤਾ ➤ ਕ ਕੰਮ ਸੌਂਪਣੀ ➤ ਸ਼ ਸ਼ਾਬਾਸ





ਅਨੁਵਾਦਕ ਅਤੇ ਤਿਆਰ ਕਰਤਾ

ਸਕੂਲ ਸਿੱਖਿਆ ਵਿਭਾਗ ਪੰਜਾਬ, ਹੇਠ ਲਿਖੇ ਪ੍ਰਿੰਸੀਪਲ/ ਅਧਿਆਪਕ/ ਵਿਸ਼ਾ ਮਾਹਿਰਾਂ ਦਾ ਇਸ ਦਸਤਾਵੇਜ਼ ਨੂੰ ਤਿਆਰ ਕਰਨ ਲਈ ਹਮੇਸ਼ਾਂ ਰਿਣੀ ਰਹੇਗਾ।

ਸ਼੍ਰੀਮਤੀ ਕਰਮਜੀਤ ਕੌਰ

ਪ੍ਰਿੰਸੀਪਲ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ

ਸਾਹਨੇਵਾਲ, ਲੁਧਿਆਣਾ

ਸ਼੍ਰੀਮਤੀ ਐਕਮੇ ਮਿੱਤਲ

ਅਗ੍ਰੇਜ਼ੀ ਅਧਿਆਪਕਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ

ਗੋਨਿਆਣਾ ਮੰਡੀ, ਬਠਿੰਡਾ

ਸ. ਹਰਮਨਦੀਪ ਸਿੰਘ

ਡੀ.ਐਮ. ਸਾਇੰਸ, ਸੰਗਰੂਰ

ਸ. ਜਸਵੀਰ ਸਿੰਘ ਸੇਖੋਂ

ਡੀ.ਐਮ. ਸਾਇੰਸ, ਲੁਧਿਆਣਾ

ਸ਼੍ਰੀਮਤੀ ਨਿਰਮਲ ਕੌਰ

ਏ.ਐਸ.ਪੀ.ਡੀ. ਕੁਆਲਿਟੀ

ਡਿਜੀਟਲ ਸਿੱਖਿਆ:- ਜਾਣ-ਪਹਿਚਾਣ

ਕੋਵਿਡ-19 ਮਹਾਂਮਾਰੀ ਨੇ ਸਾਡੇ ਰੋਜ਼ਾਨਾ ਆਮ ਜੀਵਨ ਵਿੱਚ ਵਿਘਨ ਪਾ ਦਿੱਤਾ ਹੈ। ਸਕੂਲਾਂ ਦਾ ਬੰਦ ਹੋਣਾ ਵੀ ਇਹਨਾਂ ਪ੍ਰਭਾਵਾਂ ਵਿੱਚੋਂ ਇੱਕ ਹੈ। ਸਿੱਖਿਆ ਦੇ ਨੁਕਸਾਨ ਨੂੰ ਥੰਮ੍ਹਣ (ਰੋਕਣ) ਲਈ ਸਕੂਲਾਂ ਨੂੰ ਨਾ ਕੇਵਲ ਅਧਿਆਪਕ ਅਤੇ ਸਿਖਲਾਈ ਦੇ ਨਵੇਂ ਢੰਗ ਤਰੀਕੇ ਈਜਾਦ ਕਰਨੇ ਪੈਂਦੇ ਹਨ, ਬਲਕਿ ਮਿਆਰੀ (ਗੁਣਵੱਤਾ ਭਰੀ) ਸਿੱਖਿਆ ਨੂੰ ਘਰੀਂ ਬੈਠੇ ਵਿਦਿਆਰਥੀਆਂ ਤੱਕ ਪਹੁੰਚਾਉਣ ਦੇ ਵਸੀਲੇ ਵੀ ਖੋਜਣੇ ਪੈਂਦੇ ਹਨ, ਜਿੰਨ੍ਹਾਂ ਸਦਕਾ ਸਕੂਲ ਵਿੱਚ ਸਕੂਲੀ ਸਿੱਖਿਆ ਦੇ ਨਾਲ-ਨਾਲ ਘਰ ਵਿੱਚ ਸਕੂਲੀ ਸਿੱਖਿਆ ਦੇਣ ਦਾ ਸ਼ੁੱਭ-ਰਿਵਾਜ ਸ਼ੁਰੂ ਹੋਇਆ ਹੈ।

ਭਾਵੇਂ ਡਿਜੀਟਲ ਸਿੱਖਿਆ (ਆਨਲਾਈਨ ਸਿੱਖਿਆ) ਪ੍ਰਣਾਲੀ ਸ਼੍ਰੇਣੀ-ਅਧਿਆਪਨ (ਸਕੂਲ ਅਧਿਆਪਨ) ਦਾ ਬਦਲ ਨਹੀਂ ਹੋ ਸਕਦੀ ਪ੍ਰੰਤੂ ਇਸਦੀਆਂ ਕਈ ਆਪਣੀਆਂ ਖੂਬੀਆਂ ਹਨ। ਹਰ ਵਿਦਿਆਰਥੀ ਡਿਜੀਟਲ ਸਾਧਨ ਦੀ ਮੱਦਦ ਨਾਲ ਆਪਣੀ ਸਮਰਥਾ, ਸਮੇਂ ਤੇ ਸੌਖ ਅਨੁਸਾਰ ਆਪਣੀ ਰਫ਼ਤਾਰ 'ਤੇ ਸਿੱਖ ਸਕਦਾ ਹੈ। ਡਿਜੀਟਲ ਇੰਡੀਆ ਮੁਹਿੰਮ ਨੇ ਪੂਰੇ ਦੇਸ਼ ਵਿੱਚ ਡਿਜੀਟਲ ਸਿੱਖਿਆ ਦਾ ਮਾਹੌਲ ਬਣਾ ਦਿੱਤਾ ਹੈ। ਪ੍ਰਧਾਨ ਮੰਤਰੀ ਈ-ਵਿੱਦਿਆ ਯੋਜਨਾ, ਜੋ ਕਿ ਮਨੁੱਖੀ ਸੰਸਾਧਨ ਵਿਕਾਸ ਮੰਤਰਾਲੇ ਵੱਲੋਂ ਜਾਰੀ ਕੀਤੀ ਗਈ ਹੈ, ਇਸ ਪਾਸੇ ਹੋਰ ਨਿੱਗਰ ਯੋਗਦਾਨ ਪਾਉਣ ਜਾ ਰਹੀ ਹੈ। ਡਿਜੀਟਲ/ਆਨਲਾਈਨ/ਆਨ-ਏਅਰ ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਸਦਕਾ *DIKSHA* (ਇੱਕ ਰਾਸ਼ਟਰ-ਇੱਕ ਡਿਜੀਟਲ ਮੰਚ), *T.V.* (ਇੱਕ ਜਮਾਤ ਇੱਕ ਚੈਨਲ) *SWAYAM* (ਆਨਲਾਈਨ ਮੂਕ) *AIR* (ਜਨਤਕ-ਰੇਡੀਓ ਤੇ *CBSE* ਸ਼ਿਕਾਯਤਵਾਣੀ ਪੌਡਕਾਸਟ) *IITPAL* (ਪ੍ਰੀਖਿਆ ਤਿਆਰੀ ਦਾ ਪਲੇਟਫਾਰਮ) ਅਤੇ *NIOS* ਵੱਲੋਂ ਵੱਖ-ਵੱਖ ਯੋਗਤਾਵਾਂ ਵਾਲੇ ਵਿਦਿਆਰਥੀਆਂ ਲਈ ਸਿੱਖਣ ਸਮਗਰੀ ਮੁਹੱਈਆ ਕਰਾਉਣਾ ਕਈ ਅਜਿਹੇ ਹਾਸਲ ਹਨ ਜਿਨ੍ਹਾ ਤੇ ਮਾਣ ਕੀਤਾ ਜਾ ਸਕਦਾ ਹੈ।

ਪੰਜਾਬ ਦੇ ਪ੍ਰਸੰਗ (ਸੰਦਰਭ) ਵਿੱਚ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਵਿਦਿਆਰਥੀ ਅਤੇ ਅਧਿਆਪਕ ਆਨਲਾਈਨ ਸਿੱਖਿਆ ਵਿੱਚ ਕਾਫੀ ਮੋਹਰੀ ਹਨ। ਅਜਿਹੇ ਸਮੇਂ ਆਨਲਾਈਨ ਸਿੱਖਿਆ ਤੰਤਰ, ਵਿਦਿਆਰਥੀਆਂ ਨੂੰ ਆਪਣਾ ਸ਼ੌਕ ਪੂਰਾ ਕਰਦੇ ਹੋਏ ਮੋਬਾਇਲ / ਸਮਾਰਟ ਫੋਨ ਦੀ ਸਹੀ ਵਰਤੋਂ ਕਰਨ ਵੱਲ ਪ੍ਰੇਰਿਤ ਕਰੇਗਾ। ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ, ਮੁੱਖੀ, ਅਧਿਆਪਕ, ਵਿਦਿਆਰਥੀ ਤੇ ਮਾਪੇ ਡਿਜੀਟਲ ਤਰੰਗਾਂ ਦਾ ਚੰਗਾ ਪ੍ਰਭਾਵ ਕਬੂਲਣਗੇ ਤੇ ਮਿਸ਼ਨ ਤਰਕਸ਼ ਤਹਿਤ ਆਪੋ ਆਪਣੀ ਸਮਰੱਥਾ ਵਿੱਚ ਹੋਰ ਵਾਧਾ ਕਰਨਗੇ। ਕਿਉਂਕਿ ਜੇ ਆਪਣੇ ਤਰਕਸ਼ ਵਿੱਚ ਤੀਰ ਹੋਣ, ਤਾਂ ਹੀ ਸਹੀ ਨਿਸ਼ਾਨੇ ਛੂਹੇ ਜਾ ਸਕਦੇ ਹਨ।

'ਤਰਕਸ਼' ਦੇ 4 ਮੁੱਖ ਪੜਾਅ ਹਨ

1) ਤ - ਤਿਆਰੀ - ਆਪਣੇ ਆਨਲਾਈਨ ਸਬਕ ਦੀ ਤਿਆਰੀ ਕਰਨੀ, ਢੰਗ ਤਰੀਕੇ ਸੋਚਣੇ ਤੇ ਲੱਭਣੇ।
2) ਰ - ਰਾਬਤਾ - ਗੱਲਬਾਤ / ਸਮਝਾਉਣਾ / ਪੜ੍ਹਾਉਣਾ, ਸੋਚੇ ਹੋਏ ਢੰਗ ਤਰੀਕੇ ਵਰਤਣਾ।
3) ਕ - ਕੰਮ ਸੌਂਪਣੀ - ਬੱਚੇ ਨੂੰ ਕੋਈ ਪ੍ਰਸ਼ਨ, ਕੁਇਜ਼, ਗੂਗਲ ਫ਼ਾਰਮ ਆਦਿ ਹੱਲ ਕਰਨ ਦਾ ਕੰਮ ਦੇਣਾ।
4) ਸ਼ - ਸ਼ਾਬਾਸ - ਵਿਦਿਆਰਥੀ ਵੱਲੋਂ ਹੱਲ ਕੀਤੇ ਪ੍ਰਸ਼ਨਾਂ ਤੇ ਕੰਮ ਸੌਂਪਣੀ ਦਾ ਮੁਲਾਂਕਣ ਕਰਦੇ ਹੋਏ ਬੱਚੇ ਨੂੰ ਸ਼ਾਬਾਸ਼ ਦੇਣਾ।



ਡਿਜੀਟਲ ਸਿੱਖਿਆ ਦਾ ਸੰਕਲਪ - ਸੂਚਨਾ ਤਕਨੀਕੀ : (ICT)

ਆਡੀਓ, ਵੀਡੀਓ, ਮਲਟੀ-ਮੀਡੀਆ ਦੀ ਵਰਤੋਂ ਕਰਦੇ ਹੋਏ ਦਿੱਤੀ ਜਾਣ ਵਾਲੀ ਵਿੱਦਿਆ, ਡਿਜੀਟਲ ਸਿੱਖਿਆ ਅਖਵਾਉਂਦੀ ਹੈ। ਜਿਸ ਵਿੱਚ ਅਧਿਆਪਕ ਵਿਦਿਆਰਥੀ ਇੱਕ ਦੂਸਰੇ ਦੇ ਆਹਮਣੇ-ਸਾਹਮਣੇ ਜਾਂ ਕੋਲ-ਕੋਲ ਨਹੀਂ ਹੁੰਦੇ ਸਗੋਂ ਕਿਸੇ ਆਧੁਨਿਕ ਡਿਜੀਟਲ ਸੰਚਾਰ ਸਾਧਨ ਜਿਵੇਂ ਸਮਾਰਟ ਫ਼ੋਨ, ਕੰਪਿਊਟਰ, ਲੈਪਟਾਪ, ਰੇਡੀਓ ਟੀ.ਵੀ. ਆਦਿ ਦੇ ਜ਼ਰੀਏ ਪੜ੍ਹਨ-ਪੜ੍ਹਾਉਣ ਦਾ ਆਹਰ ਕਰਦੇ ਹਨ। ਕਰੋਨਾ ਸੰਕਟ ਦੇ ਮੱਦੇਨਜਰ ਆਪਸੀ ਦੂਰੀ ਦੇ ਨਿਯਮ ਪਾਲਦਿਆ ਹੋਇਆਂ ਵਿਦਿਆਰਥੀਆਂ ਨੂੰ ਘਰ ਸੁਰੱਖਿਅਤ ਬੈਠਿਆਂ ਨੂੰ ਗਿਆਨ ਮਿਲਦਾ ਹੈ ਤੇ ਵਿਦਿਆਰਥੀ ਉਸ ਗਿਆਨ ਦੀ ਵਰਤੋਂ, ਪਰਖ ਜਾਂ ਪ੍ਰੀਖਿਆ ਵੀ ਘਰ ਬੈਠੇ ਹੀ ਅਧਿਆਪਕ ਵੱਲ ਭੇਜਦੇ ਹਨ।

ਡਿਜੀਟਲ ਸਿੱਖਿਆ ਦੇ ਮਾਧਿਅਮ ਇਹ ਤਿੰਨ ਮਾਧਿਆਮਾਂ ਰਾਹੀਂ ਕਾਰਜਸ਼ੀਲ ਹੈ:-



ੳ) ਆਨਲਾਈਨ ਮਾਧਿਅਮ ਵਿੱਚ ਕੰਪਿਊਟਰ, ਸਮਾਰਟਫੋਨ 'ਤੇ ਇੰਟਰਨੈੱਟ ਜਦ ਲਗਾਤਾਰ ਚੱਲ ਰਿਹਾ ਹੋਵੇ।

ਅ) ਅੰਸ਼ਿਕ ਆਨਲਾਈਨ ਮਾਧਿਅਮ ਵਿੱਚ ਜਦ ਕੰਪਿਊਟਰ ਤੇ ਫੋਨ ਦੀ ਵਰਤੋਂ ਤਦ ਵੀ ਸਿਖਿਆ ਦੇ ਰਹੀ ਹੋਵੇ ਜਦ ਇੰਟਰਨੈੱਟ ਕੁਨੈਕਸ਼ਨ ਬੰਦ ਹੈ।

ਏ) ਆਫਲਾਈਨ ਮਾਧਿਅਮ - ਜੋ ਇੰਟਰਨੈੱਟ ਦੀ ਸਹੂਲਤ ਤੋਂ ਬਿਨਾ ਵੀ ਚੱਲਣ ਜਿਵੇਂ, ਟੀ.ਵੀ., ਰੇਡੀਓ ਆਦਿ।

ਡਿਜੀਟਲ ਤੇ ਆਨਲਾਈਨ ਸਿੱਖਿਆ ਦੇ ਪੜਾਅ

ਡਿਜੀਟਲ/ਆਨਲਾਈਨ ਸਿੱਖਿਆ ਪ੍ਰਣਾਲੀ ਦੇ ਅੱਠ (8) ਪੜਾਅ (*Steps*) ਹਨ ਜਿੰਨ੍ਹਾਂ ਨੂੰ *PRAGYATA* ਆਖਿਆ ਜਾਂਦਾ ਹੈ। ਇਹਨਾਂ ਪੜਾਵਾਂ ਰਾਹੀਂ ਲੰਘਕੇ ਸਿੱਖਿਆ ਦਿੱਤੀ ਜਾਂਦੀ ਹੈ

(1) ਯੋਜਨਾਬੰਦੀ / ਤਿਆਰੀ(2) ਸਮੀਖਿਆ (3) ਤਰਤੀਬ (4) ਅਗਵਾਈ (5) ਗੱਲਬਾਤ (ਸੰਪਰਕ) (6) ਕੰਮ ਸੌਂਪਣਾ (7) ਰਾਹ (ਤਰੀਕਾ) (8) ਪ੍ਰਸ਼ੰਸਾ (ਤਾਰੀਫ਼) ।ਆਓ ਇਹਨਾਂ ਦਾ ਅਧਿਐਨ ਕਰੀਏ:-

1) ਸਭ ਤੋਂ ਪਹਿਲਾਂ ਪੂਰੀ ਯੋਜਨਾ ਬਣਾਈ ਜਾਂਦੀ ਹੈ ਕਿਕੀ ਸਿਖਾਉਣਾ ਹੈ, ਕਿਵੇਂ ਸਿਖਾਉਣਾ ਹੈ, ਕਿੰਨ੍ਹਾਂ ਨੂੰ ਸਿਖਾਉਣਾ ਹੈ।

2) ਯੋਜਨਾ ਦੀ ਸਮੀਖਿਆ ਕਰਨੀ ਵੀ ਜ਼ਰੂਰੀ ਹੈ ਕਿ ਕੀ ਇਸ ਤਰ੍ਹਾਂ ਸਹੀ ਢੰਗ ਨਾਲ ਸਿਖਾਇਆ ਜਾਵੇਗਾ।

3) ਸਾਧਨਾਂਨੂੰ ਤਰਤੀਬਵਾਰ ਸੈੱਟ ਕਰਨਾ, ਕਾਰਜ ਨੂੰ ਹਫਤਾਵਾਰੀ, ਮਹੀਨਵਾਰ ਜਾਂ ਰੋਜ਼ਾਨਾ ਕਿਵੇਂ ਸਿਖਾਉਣਾ ਹੈ?ਲੋੜ ਅਨੁਸਾਰ ਸਾਧਨਾਂ ਨੂੰ ਤਰਤੀਬ ਦਿੱਤੀ ਜਾਂਦੀ ਹੈ ਕਿ ਪਹਿਲਾਂ ਕੀ ਜਰੂਰੀ ਹੈ ਆਤੇ ਫਿਰ ਕੀ?

4) ਅਗਵਾਈ ਦਿੰਦੇ ਹੋਏ ਅਧਿਆਪਕ ਨੂੰ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਦੇ ਮਨੋਵਿਗਿਆਨ ਦਾ ਧਿਆਨ ਰੱਖਿਆ ਜਾਵੇ ਤਾਂ ਕਿ ਸਹੀ ਸੰਦੇਸ਼ ਦਿੱਤਾ ਜਾਵੇ। ਮਾਪਿਆਂ ਨੂੰ ਪਤਾ ਹੋਵੇ ਕਿ ਉਹਨਾਂ ਦੇ ਬੱਚੇ ਨੂੰ ਮੋਬਾਇਲ ਫ਼ੋਨ / ਟੀ.ਵੀ ਤੇ ਕੀ ਸਿਖਾਇਆ ਜਾਣਾ ਹੈ।

5) ਸੰਪਰਕ ਜਾਂ ਗੱਲਬਾਤ ਅਗਲਾ ਮਹੱਤਵਪੂਰਨ ਪੜਾਅ ਹੈ ਜਿਸ ਵਿੱਚ ਅਧਿਆਪਕ ਬੱਚੇ ਨੂੰ ਜਾਂ ਬੱਚਿਆ ਨੂੰ ਕਿਸੇ ਵੀ ਸਾਧਨ ਤੇ ਪੜ੍ਹਾਉਦਾ ਹੈ, ਸਮਝਾਉਦਾ ਹੈ। ਬੱਚੇ ਵੀ ਉਸ ਨਾਲ ਗੱਲਬਾਤ ਕਰਦੇ ਹਨ।

6) ਕੰਮ-ਸੌਂਪਣਾ ਵੀ ਬਹੁਤ ਜਰੂਰੀ ਹੈ। ਦੋ ਜਾਂ ਤਿੰਨ ਨੁਕਤੇ ਸਮਝਾ ਕੇ ਅਧਿਆਪਕ ਨੂੰ ਚਾਹੀਦਾ ਹੈ ਕਿ ਵਿਦਿਆਰਥੀਆਂ ਨੂੰ ਰੋਚਕ ਕੰਮ ਸੌਂਪਦੀ *Assignment* ਰਾਹੀਂ ਪਰਖੇ।

7) ਅਗਲਾ ਪੜਾਅ ਉਹ ਰਾਹ ਜਾਂ ਢੰਗ ਤਰੀਕਾ ਹੈ ਜਿਸ ਰਾਹੀਂ ਬੱਚੇ ਨੇ ਆਪਣਾ ਕੀਤਾ ਕੰਮ, ਫ਼ੋਨ ਕਾਲ / ਫ਼ੋਟੋ / ਵੀਡੀਓ ਆਦਿ ਕਿਸੇ ਵੀ ਰੂਪ 'ਚ ਅਧਿਆਪਕ ਤੱਕ ਭੇਜਣਾ ਹੈ।

8) ਸਾਬਾਸ਼ ਜਾਂ ਪ੍ਰਸ਼ੰਸਾ ਉਹ ਆਖਰੀ ਪੜਾਅ ਹੈ ਜੋ ਵਿਦਿਆਰਥੀ ਨੂੰ ਅਧਿਆਪਕ ਵੱਲੋਂ ਦਿੱਤੇ ਜਾਣ 'ਤੇ ਵਿਦਿਆਰਥੀ ਦਾ ਹੌਂਸਲਾ ਵਧਦਾ ਹੈ। ਸਹੀ ਸੇਧ ਮਿਲਦੀ ਹੈ। ਉਸਾਰੂ ਰੂਪ 'ਚ ਬੱਚੇ ਨੂੰ ਸੁਧਾਰ ਲਈ ਸੁਝਾਅ ਵੀ ਦਿੱਤੇ ਜਾਣ।

ਸਕੂਲ ਮੁਖੀ, ਅਧਿਆਪਕਾਂ, ਮਾਪਿਆਂ ਤੇ ਵਿਦਿਆਰਥੀਆਂ ਲਈ ਦਿਸ਼ਾ-ਨਿਰਦੇਸ਼

ਸਕੂਲ ਮੁਖੀ ਨੂੰ ਉਤਸ਼ਾਹਵਰਧਕ ਪਹੁੰਚ ਅਪਣਾਉਂਦੇ ਹੋਏ ਆਪਣੇ ਅਧਿਆਪਕਾਂ, ਵਿਦਿਆਰਥੀਆਂ ਤੇ ਮਾਪਿਆਂ ਨਾਲ ਸੰਪਰਕ ਰੱਖਣਾ ਚਾਹੀਦਾ ਹੈ। ਮੁਖੀ ਤੇ ਅਧਿਆਪਕ ਇਹ ਸੁਨਿਸ਼ਚਤ ਕਰਨ ਕਿ ਉਹਨਾਂ ਦੇ ਬੱਚਿਆਂ ਕੋਲ ਕਿਹੜੀ ਡਿਜੀਟਲ ਸਹੂਲਤ ਉਪਲੱਬਧ ਹੈ ਜਾਂ ਕਿਵੇਂ ਹੋ ਸਕਦੀ ਹੈ। ਇਹ ਵੀ ਖਿਆਲ ਰੱਖਿਆ ਜਾਵੇ ਕਿ ਡਿਜੀਟਲ ਲੈਕਚਰ ਲੋੜ ਤੋਂ ਵੱਧ ਲੰਬਾ ਨਾ ਹੋਵੇ।

ਵਿਦਿਆਰਥੀ ਉਮਰ-ਵਰਗ, ਘਰ ਦੇ ਹਾਲਾਤ, ਸਮਾਜਿਕ ਤੇ ਸੱਭਿਆਚਾਰਕ ਮਾਹੌਲ ਨੂੰ ਧਿਆਨ ਹਿੱਤ ਰੱਖਿਆ ਜਾਵੇ। ਉਦਾਹਰਨ ਵਜੋਂ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ 40-45 ਮਿੰਟ ਦੇ ਲੈਕਚਰ ਰੋਜ਼ਾਨਾ 4 ਤੋਂ ਘੱਟ ਹੀ ਹੋਣ ਵਿਚਕਾਰ ਬੱਚਿਆ ਨੂੰ ਵਾਦ-ਵਿਵਾਦ, ਗੱਲ ਕਰਨ ਦਾ ਮੌਕਾ ਦਿੱਤਾ ਜਾਵੇ। ਸਵਾਲ ਪੁੱਛਣ ਲਈ ਉਤਸਾਹਿਤ ਕੀਤਾ ਜਾਵੇ। ਉਹਨਾਂ ਵਿਦਿਆਰਥੀਆਂ ਦੇ ਆਪਸੀ ਵਿਹਾਰ 'ਤੇ ਪੈਨੀ ਨਜ਼ਰ ਰੱਖੀ ਜਾਵੇ।

ਇਸਤੋਂ ਇਲਾਵਾ ਵਿਦਿਆਰਥੀਆਂ ਦੇ ਘਰ ਦੇ ਹਾਲਾਤ ਸੁਰੱਖਿਆ ਯਕੀਨੀ ਬਣਾਈ ਜਾਵੇ, ਜਿਵੇਂ ਕਿ ਬਿਜਲੀ ਉਪਕਰਣ, ਇੰਟਰਨੈੱਟ ਸੰਬੰਧੀ ਸੁਰੱਖਿਆ, ਵਿਦਿਆਰਥੀਆਂ ਦੇ ਉੱਠਣ-ਬੈਠਣ ਦੇ ਤੌਰ ਤਰੀਕੇ, ਫੋਨ ਚਾਰਜ ਆਦਿ ਸਭ ਪਾਸੇ ਸੰਭਵ ਧਿਆਨ ਦਿੱਤਾ ਜਾਵੇ।

ਮਾਪਿਆ ਨੂੰ ਸੁਚੇਤ ਕਰਦਿਆਂ ਉਹਨਾਂ ਤੋਂ ਵਿਦਿਆਰਥੀਆਂ ਦੀਆਂ ਆਨਲਾਈਨ ਤੇ ਆਫਲਾਈਨ ਗਤੀਵਿਧੀਆਂ ਦਾ ਵੇਰਵਾ ਪੁਛਿਆ ਜਾਵੇ।

ਡਿਜੀਟਲ ਸਿੱਖਿਆ ਦੌਰਾਨ ਸਰੀਰਕ ਤੇ ਮਾਨਸਿਕ ਸਿਹਤ ਸਬੰਧੀ ਅਗਵਾਈ ਲੀਹਾਂ:

ਵਿਦਿਆਰਥੀਆਂ ਨੂੰ ਡਿਜੀਟਲ ਸਿੱਖਿਆਂ ਪ੍ਰਾਪਤ ਕਰਦੇ ਹੋਏ ਅਨੇਕਾਂ ਸਾਵਧਾਨੀਆਂ ਨੂੰ ਆਪਣਾਉਣ ਲਈ ਅਗਵਾਈ ਦੇਣੀ ਜਰੂਰੀ ਹੈ। ਉਦਾਹਰਨ ਵਜੋਂ: ਮੇਜ਼ ਕੁਰਸੀ ਦੀ ਸਹੀ ਸਥਿਤੀ, ਸਿੱਧੇ ਬੈਠਣਾ, ਅੱਖਾਂ ਨੂੰ ਆਰਾਮ ਦੇਣਾ, ਤੰਦਰੁਸਤੀ ਲਈ ਯੋਗਾ ਅਤੇ ਕਸਰਤ ਕਰਨਾ, ਚੁਸਤ ਫੁਰਤੀਲੇ ਬਣੇ ਰਹਿਣਾ, ਲੋੜ ਜਿੰਨੀ ਨੀਂਦ ਲੈਣਾ, ਮਾਂ ਬਾਪ (ਪਰਿਵਾਰ) ਨਾਲ ਸਮਾਂ ਬਿਤਾਉਣਾ ਲਾਜ਼ਮੀ ਹੈ। ਇਸਦਾ ਮਹੱਤਵ ਵਿਦਿਆਰਥੀਆਂ ਤੇ ਮਾਪਿਆਂ ਨੂੰ ਜ਼ਰੂਰ ਦੱਸਿਆ ਜਾਵੇ।









ਮਾਨਸਿਕ ਤੰਦਰੁਸਤੀ ਲਈ, ਇੰਟਰਨੈੱਟ ਦੀ ਗਲਤ ਵਰਤੋਂ ਤੋਂ ਬਚਣ ਦੀ ਪ੍ਰੇਰਨਾ ਦਿੱਤੀ ਜਾਵੇ, ਉੱਥੇ ਹੀ ਸਹੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾਵੇ। ਅਧਿਆਪਕ ਇਹ ਵੀ ਨੋਟ ਰੱਖਣ ਕਿ ਉਹਨਾਂ ਦੇ ਵਿਦਿਆਰਥੀ ਤਣਾਅ, ਨਿਰਾਸ਼ਾ ਤੇ ਹੋਰ ਮਾਨਸਿਕ ਸਮੱਸਿਆਵਾਂ ਤੋਂ ਬਚੇ ਹੋਏ ਹਨ।ਇਹੋ ਮਿਸ਼ਨ ਤਰਕਸ਼ ਦੀ ਸਫ਼ਤਲਾ ਦਾ ਆਧਾਰ ਹੋਵੇਗਾ।

NETIQUETTE(ਆਨਲਾਈਨ ਵਿਵਹਾਰ)

Netiquette means net + etiquette =Online behavior

WhatsApp, Facebook ਅਤੇ ਹੋਰ social media ਤੇ ਧਿਆਨ ਰੱਖਣ ਵਾਲਿਆਂ ਗੱਲਾਂ:

- ਕਿਸੇ ਨਾਲ ਗੱਲ ਕਰਨ ਸਮੇਂ:
  - i) ਨਰਮੀ ਨਾਲ ਗੱਲ ਕਰੋ।
  - ii) Sorry /please ਦੀ ਵਰਤੋਂ ਕਰੋ।
  - iii) Reply ਦੀ wait ਕਰੋ।
  - iv) ਸੋਚ ਵਿਚਾਰ ਕੇ ਲਿਖੋ।
  - v) Language ਦਾ ਧਿਆਨ ਰੱਖੋ।
- ਕੁਝ ਵੀ post ਕਰਨ ਤੋਂ ਪਹਿਲਾਂ ਇੱਕ ਵਾਰ verify ਕਰ ਲਿਆ ਜਾਵੇ ਕਿ
  - i) Post fake ਤਾਂ ਨਹੀਂ?
  - ii) ਜੋ ਤੁਸੀਂ share ਕਰ ਰਹੇ ਹੋ ਉਹ ਗਲਤ ਤਾਂ ਨਹੀਂ ?
  - iii) Spelling ਸਹੀ ਹਨ?
  - iv) Punctuation marks ਲਗਾਏ ਹਨ?
  - v) ਤੁਹਾਡੀ id ਸਹੀ ਹੈ ?
  - vi) ਇਕ ਸਮੇਂ ਤੇ ਜਿਆਦਾ ਕੁਝ ਤਾਂ post ਨਹੀਂ ਕਰ ਰਹੇ?
  - vii) ਤੁਹਾਡੇ ਸ਼ਬਦਾਂ ਦੀ ਚੋਣ ਸਹੀ ਹੈ?
- **Miscellaneous (ਫੁੱਟਕਲ)**
  - i) Screen time ਜਿਆਦਾ ਨਾ ਹੋਵੇ।
  - ii) ਦੂਜਿਆਂ ਦੀ feelings/ opinions ਦੀ respect ਕਰੋ।
  - iii) ਕਿਸੇ ਨੂੰ ਵਾਰ-ਵਾਰ ਫੋਨ ਕਰਕੇ ਪ੍ਰੇਸ਼ਾਨ ਨਾ ਕਰੋ।
  - iv) Useful material ਨੂੰ save ਕਰਕੇ ਰੱਖ ਲਓ।
  - v) Healthy discussions ਨੂੰ encourage ਕਰੋ ਅਤੇ controversial issues ਤੋਂ ਬਚੋ।

ਯਾਦ ਰੱਖੋ ਕਿ ਤੁਹਾਡੀ ਭਾਸ਼ਾ ਤੁਹਾਡਾ ਸ਼ੀਸ਼ਾ ਹੈ ਜੋ ਤੁਹਾਡੇ character ਨੂੰ show ਕਰਦਾ ਹੈ।

OPEN EDUCATIONAL RESOURCES

ਡਿਜੀਟਲ ਸਿੱਖਿਆ ਦੀ ਮਹੱਤਤਾ ਨੂੰ ਦੇਖਦੇ ਹੋਏ ਅਤੇ ਅਜੋਕੇ ਸਮੇਂ ਵਿੱਚ ਸਿੱਖਿਆ ਨੂੰ ਜਾਰੀ ਰੱਖਣ ਲਈ ਵੱਖ-ਵੱਖ ਉਪਰਾਲੇ ਕੀਤੇ ਗਏ ਹਨ। ਡਿਜੀਟਲ ਸਿੱਖਿਆ ਨੂੰ ਘਰ-ਘਰ ਪਹੁੰਚਾਉਣ ਲਈ 17 ਮਈ 2020 ਨੂੰ ਪ੍ਰਧਾਨ ਮੰਤਰੀ ਈ ਵਿਦਿਆ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਤਾ ਜੋ ਦੇਸ਼ ਭਰ ਵਿਚ ਪੜਨ ਵਾਲੇ ਤਕਰੀਬਨ 25 ਕਰੋੜ ਵਿਦਿਆਰਥੀਆਂ ਤੱਕ ਪਹੁੰਚਿਆ ਜਾ ਸਕੇ। ਇਸ ਉਪਰਾਲੇ ਵਿੱਚ ਦਿਕਸ਼ਾ , ਸਵੈਯਮ-ਪ੍ਰਭਾ, ਸਵੈਯਮ, ਅਕਾਸ਼ਵਾਣੀ, ਸ਼ਿਕਸ਼ਾ ਬਾਣੀ ਵਰਗੇ ਬਹੁਤ ਸਾਰੇ ਪ੍ਰੋਗਰਾਮ ਸ਼ਾਮਿਲ ਹਨ।

ਹੇਠਾਂ ਕੁਝ ਅਜਿਹੇ ਵੈਬ ਲਿੰਕ ਦਿੱਤੇ ਗਏ ਹਨ ਜਿਨ੍ਹਾਂ ਨੂੰ ਇਸਤੇਮਾਲ ਕਰਕੇ ਅਸੀਂ ਘਰ ਬੈਠੇ ਵੱਖ-ਵੱਖ ਵਿਸ਼ਿਆਂ ਤੇ ਜਮਾਤਾਂ ਦੀ ਪੜ੍ਹਾਈ ਕਰ ਸਕਦੇ ਹਾਂ ਅਤੇ ਵੱਖ-ਵੱਖ ਕੋਰਸ ਕਰ ਸਕਦੇ ਹਾਂ । ਇਹਨਾਂ ਵਿੱਚੋਂ ਕੁੱਝ ਪ੍ਰੋਗ੍ਰਾਮ ਰਾਜ-ਪੱਧਰ ਤੇ, ਕੁਝ ਰਾਸ਼ਟਰੀ-ਪੱਧਰ ਤੇ ਅਤੇ ਕੁਝ ਅੰਤਰਰਾਸ਼ਟਰੀ-ਪੱਧਰ ਤੇ ਸਫਲਤਾ ਪੂਰਵਕ ਚਲਰਹੇ ਹਨ।

	ਪਲੇਟਫਾਰਮ	ਵੈਬ ਲਿੰਕ
1	**Central Institute Of Educational Technology**	https://ciet.nic.in/
2	**DIKSHA**	https://diksha.gov.in/
3	**DIKSHA app for mobile**	https://play.google.com/store/apps/details?id=in.gov.diksha.app&referrer=utm_source%3Da3de639c80a7eb4d654cd8bd04b9d3f259c901d3%26utm_campaign%3Dshare_app
4	**SWAYAM**	https://swayam.gov.in/
5	**Swayamprabha**	https://www.swayamprabha.gov.in/
6	**Swayam app for mobile phone**	https://play.google.com/store/apps/details?id=in.gov.swayam.app
7	**National Programme on Technology Enhanced Learning (*NPTEL*)**	https://nptel.ac.in/
8	**Internet radio - Mukt Vidya Vani (MVV)**	https://nios.iradioindia.in/
9	**CBSE Podcasts: Shiksha Vaani app for mobile phone**	https://play.google.com/store/apps/details?id=cmtm_o.cbse.com.acer.cmtmo_admin&hl=en_US
10	**NIOS has developed videos in sign language**	https://www.youtube.com/playlist?list=PLUuOqp8QaNB2sQOuTqLlAyQEUtNxNlw1h https://www.youtube.com/watch?v=a3iXyDXvhRQ&list=PLUuOqp8QaNB0IG-GOV8wzKFsjL7v3iLIG
11	**IITPAL (IIT Professor Assisted Learning) is a series of lectures prepared by IIT professors to help**	https://www.iitpal.com/

	students prepare for IIT JEE	
12	**ePathshala**	https://epathshala.nic.in/
13	**ePathshala mobile app**	https://play.google.com/store/apps/details?id=in.gov.epathshala&hl=en_IN
14	**NROER-National Repository of Open Educational Resources**	https://nroer.gov.in/
15	**Khan Academy**	https://www.khanacademy.org/
16	**Khan Academy mobile app**	https://play.google.com/store/apps/details?id=org.khanacademy.android&hl=en_IN
	Geogebra	https://www.geogebra.org/

ਇਸ ਤੋਂ ਇਲਾਵਾ ਟੈਲੀਵਿਜ਼ਨ ਦੇ ਵੱਖ-ਵੱਖ ਚੈਨਲਾਂ ਰਾਹੀਂ ਵਿਦਿਅਕ ਪ੍ਰੋਗਰਾਮ ਪੇਸ਼ ਕੀਤੇ ਜਾ ਰਹੇ ਹਨ , ਜਿਵੇਂ ਕਿ ਸਵੈਯਮ-ਪ੍ਰਭਾ ਚੈਨਲ ਨੰਬਰ 20 ਅਤੇ ਦੂਰਦਰਸ਼ਨ ਦੇ DD ਪੰਜਾਬੀ ਚੈਨਲ ਰਾਹੀ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਅਧਿਆਪਕ ਵਿਦਿਆਰਥੀਆਂ ਤੱਕ ਆਪਣੀ ਪਹੁੰਚ ਬਣਾ ਰਹੇ ਹਨ। ਇਸ ਦੇ ਨਾਲ ਹੀ ਰੇਡੀਓ ਦੇ ਵੱਖ-ਵੱਖ ਚੈਨਲਾਂ ਰਾਹੀਂ ਵੀ ਵਿੱਦਿਆ ਦਾ ਪ੍ਰਸਾਰ ਕੀਤਾ ਜਾ ਰਿਹਾ ਹੈ ਜਿਵੇਂ ਕਿ ਰੇਡੀਓ ਵਾਹਿਨੀ FM 91.2 MHz

ਜਿੱਥੇ ਕਿ ਡਿਜੀਟਲ ਸਿੱਖਿਆ ਪ੍ਰਾਪਤ ਕਰਨ ਲਈ ਇੰਟਰਨੇਟ ਇੱਕ ਵਰਦਾਨ ਸਾਬਤ ਹੋ ਰਿਹਾ ਹੈ , ਉਥੇ ਹੀ ਆਪਣੇ ਬੱਚਿਆਂ ਦਾ ਸਮਾਜ-ਵਿਰੋਧੀ ਤੱਤਾਂ ਤੋਂ ਵੀ ਬਚਾਅ ਕਰਨਾ ਹੈ। ਅਜਿਹੀਆਂ ਗੱਲਾਂ ਨੂੰ ਵੀ ਧਿਆਨ ਵਿੱਚ ਰੱਖਦੇ ਹੋਏ ਸਾਇਬਰ ਸਕਿਉਰਿਟੀ ਮੈਨੂਅਲ ਨੂੰ ਪੜ੍ਹਨ ਦਾ ਮਸ਼ਵਰਾ ਸਮੂਹ ਅਧਿਆਪਕਾਂ , ਮਾਤਾ ਪਿਤਾ ਅਤੇ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ।

ਸਾਇਬਰ ਸਕਿਉਰਿਟੀ ਮੈਨੂਅਲ:
http://cbseacademic.nic.in/web_material/Manuals/Cyber_Safety_Manual.pdf

ਸਿੱਖਿਆ ਵਿਭਾਗ ਪੰਜਾਬ ਦਾ ਆਪਣਾ ਐਪ

ਪੰਜਾਬ ਐਜੁਕੇਅਰ ਐਪ

ਇੱਥੋ ਡਾਊਨਲੋਡ ਕਰੋ।

https://play.google.com/store/apps/details?id=com.deepakkumar.PunjabEducare


ਡਿਜੀਟਲ ਸਿੱਖਿਆ
ਇੰਟਰਨੈੱਟ ਉਪਲਬਧ ਹੈ
ਇੰਟਰਨੈਟ ਉਪਲਬਧ ਨਹੀ ਹੈ
ਆਨਲਾਈਨ ਦਰਜ
ਆਫਲਾਈਨ ਦਰਜ
ਇੰਟਰਨੈਟ ਸੇਵਾ ਲਗਾਤਾਰ ਹੈ
ਇੰਟਰਨੈਟ ਸੇਵਾ ਲਗਾਤਾਰ ਨਹੀ ਹੈ
ਬਿਜਲੀ ਚੱਜਰ ਉਪਲਬਧ ਹੈ
ਬਿਜਲੀ ਚੱਜਰ ਉਪਲਬਧ ਨਹੀ ਹੈ
ਵੱਡੀ ਗਰੁੱਪ ਗਠਨ
ਸਮੂਹਕ ਸਿੱਖਿਆ ਦੇ ਪ੍ਰੋਗਰਾਮ
ਸਿੱਖਿਆ ਦੇਣ ਲਈ ਸਮਾਜਿਕ ਥਾਵਾਂ ਦੀ ਵਰਤੋਂ
ਰੇਡੀਓ ਪ੍ਰਸਾਰਣ
ਵੀਡੀਓ ਕਾਨਫਰੰਸ, ਯੂਟਿਊਬ ਲਾਈਵ, ਫੇਸਬੁੱਕ ਲਾਈਵ, ਆਦਿ
ਯੂਟਿਊਬ, ਫੇਸਬੁੱਕ, ਇੰਟਰਨੈੱਟ ਰੇਡੀਓ, ਪੌਡਕਾਸਟ, ਵਾਟਸਐਪ, ਲਰਨਿੰਗ ਮਨੈਜਮੈਂਟ ਸਿਸਟਮ ਜਿਵੇਂ ਕੈ ਗੂਗਲ ਕਲਾਸ ਰੂਮ, ਪੰਜਾਬ ਐਜੂਕੇਅਰ ਐਪ, ਆਦਿ

ਧੰਨਵਾਦ।